# ਸਹਿਜ ਸੁਭਾ

ਪ੍ਰੋ: ਤੇਜਾ ਸਿੰਘ

SARDAR DYAL SINGH
LAHORE
LIBRARY.

ਲਾਹੌਰ
ਲਾਹੌਰ ਬੁਕ ਸ਼ਾਪ
ਨਿਸਬਤ ਰੋਡ

# ਆਮ ਵਾਕਫੀ ਤੇ ਸਭਿਆਚਾਰ ਦਾ ਘਾਟਾ

ਮਨੁਖ ਦੇ ਜੀਵਨ ਦਾ ਮਨੋਰਥ ਕੁਝ 'ਪ੍ਰਾਪਤ' ਕਰਨਾ ਨਹੀਂ, ਬਲਕਿ ਆਪਣੇ ਆਪ ਨੂੰ ਕੁਝ 'ਬਨਾਉਣਾ' ਹੈ। ਆਪਣੇ ਆਪ ਨੂੰ ਮਨੁਖਤਾ ਦੇ ਉੱਚੇ ਤੋਂ ਉੱਚੇ ਸਿਖਰ ਤੇ ਪੁਚਾਣਾ ਹੈ, ਤਾਕਿ ਕਰਤਾ ਜੀ ਆਪਣੀ ਕ੍ਰਿਤ ਨੂੰ ਆਪਣੇ ਜਿਹਾ ਬਣਦਾ ਵੇਖ ਕੇ ਖੁਸ਼ ਹੋਣ। ਇਸ ਆਦਰਸ਼ ਦੇ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਮਨੁਖ ਆਪਣੇ ਅੰਦਰ ਦੇ 'ਰਤਨ ਜਵਾਹਰ ਮਾਣਕ' ਨੂੰ ਪ੍ਰਗਟ ਹੋਣ ਦਾ ਮੌਕਾ ਦੇਵੇ, ਅਰਥਾਤ ਆਪਣੇ ਅੰਦਰ ਦੇ ਗੁਣਾਂ ਨੂੰ ਪੂਰੀ ਤਰ੍ਹਾਂ ਵਧਾਉਣ ਦੇ ਯਤਨ ਕਰੇ। ਬਾਗ ਦੇ ਚੰਗੇ ਮਾਲੀ ਦਾ ਯਤਨ ਹੁੰਦਾ ਹੈ ਕਿ ਜਿਸ ਫੁਲ ਦੀ ਉਹ ਪ੍ਰਤਿਪਾਲਨਾ ਕਰ ਰਿਹਾ ਹੈ, ਉਸ ਨੂੰ ਹਰ ਮੌਸਮ ਵਿਚ ਚੰਗੇ ਤੋਂ ਚੰਗਾ ਕਰੀ ਜਾਵੇ, ਤਾਕਿ ਇਸ ਸਾਲ ਦੀ ਵੰਨਗੀ ਪਿਛਲੇ ਸਾਲ ਦੀ ਵੰਨਗੀ ਕੋਲੋਂ ਚੰਗੀ ਹੋਵੇ; ਇਥੋਂ ਤਕ ਕਿ ਉੱਨਤੀ ਕਰਦਿਆਂ ਕਰਦਿਆਂ ਉਹ ਫੁਲ, ਰੂਪ, ਸੁਗੰਧ ਅਤੇ ਅਕਾਰ ਵਿਚ ਆਪਣੀ ਵੰਨਗੀ ਦੇ ਕਮਾਲ ਤਕ ਪੁਜ ਜਾਏ। ਮਨੁਖ ਨੇ ਭੀ ਆਪਣੇ ਮਾਲਕ ਦੇ ਹਜ਼ੂਰ ਕਬੂਲ ਪੈਣ ਲਈ ਆਪਣੇ ਆਪ ਨੂੰ ਮਨੁਖਤਾ ਦੀ ਟੀਸੀ ਤੇ ਪੁਚਾਣਾ ਹੈ।

ਮਨੁਖਤਾ ਦੀ ਟੀਸੀ ਤੇ ਪਹੁੰਚਣ ਲਈ ਜ਼ਰੂਰੀ ਹੈ ਕਿ ਮਨੁਖ ਸਰੀਰਕ ਤੌਰ ਤੇ ਚੰਗਾ ਰਿਸ਼ਟ ਪੁਸ਼ਟ, ਅਰੋਗ ਅਤੇ ਕਮਾਲ ਦਾ ਸੁੰਦਰ ਹੋਵੇ; ਦਿਮਾਗੀ ਤੌਰ ਤੇ ਉਸ ਦੀ ਆਮ ਵਾਕਫੀ ਤੇ ਸਭਿ-

ਆਚਾਰ ਸਭ ਤੋਂ ਵਧ ਕੇ ਪ੍ਰਫੁਲਤ ਹੋਵੇ, ਅਤੇ ਆਤਮਕ ਤੌਰ ਤੇ ਸਾਰੀਆਂ ਨੇਕੀਆਂ ਦਾ ਪੁੰਜ ਅਤੇ ਕੋਮਲ ਤੋਂ ਕੋਮਲ ਸੁਰਤਾਂ ਦਾ ਮਾਲਕ ਹੋਵੇ, ਤਾਂ ਜੋ ਸੰਸਾਰ ਦੇ ਕਿਸੇ ਪ੍ਰਾਣੀ ਦੇ ਦੁਖ ਨੂੰ ਵੇਖਕੇ ਉਸਦਾ ਹਿਰਦਾ ਕੰਬ ਉਠੇ ਅਤੇ ਆਪਣੇ ਮਾਲਕ ਦੀਆਂ ਗੁਹਜ ਸੈਨਤਾਂ ਨੂੰ ਝਟ ਪਛਾਣਕੇ ਉਸ ਦੀ ਕਾਰੇ ਲਗ ਪਵੇ। ਹੁਸਨ, ਦਿਮਾਗ ਅਤੇ ਕਰਮ ਦੀ ਕਮਾਲਤਾ ਤੇ ਪੁਜਾ ਹੋਇਆ ਮਨੁਖ ਹੀ ਉਸ ਰਬ ਨਾਲ ਇਕਮਿਕ ਹੋ ਸਕਦਾ ਹੈ, ਜੋ

'ਸਾਹਿਬ ਦਿਮਾਗ ਹੈ॥ ਕਿ ਹੁਸਨਲ ਚਰਾਗ ਹੈ॥ ਕਿ
ਕਾਮਲ ਕਰੀਮ ਹੈ॥'

੨.

ਸਾਡੇ ਵਿਚ ਕਈਆਂ ਕਾਰਨਾਂ ਕਰ ਕੇ ਇਹ ਕਮੀ ਆ ਗਈ ਹੈ ਕਿ ਜਿਹੜੇ ਮਨੁਖ ਕੁਝ ਚੰਗਾ ਬਣਨਾ ਚਾਹੁੰਦੇ ਹਨ, ਉਹ ਇਨ੍ਹਾਂ ਤਿੰਨਾਂ ਗੁਣਾਂ ਵਿਚੋਂ ਦੋਹਾਂ ਗੁਣਾਂ ਵਲ ਤਾਂ ਕੁਝ ਧਿਆਨ ਦੇਂਦੇ ਹਨ, ਪਰ ਤੀਜੇ ਵਲ ਨਹੀਂ। ਉਹ ਜਿਸਮਾਨੀ ਤੌਰ ਤੇ ਤਕੜਾ ਹੋਣ ਨੂੰ ਚੰਗਾ ਸਮਝਦੇ ਹਨ। ਮਹਾਤਮਾ ਤੋਂ ਮਹਾਤਮਾ ਆਦਮੀ ਆਪਣੇ ਸਰੀਰ ਨੂੰ ਅਰੋਗ ਰਖਣ, ਬਲਕਿ ਸੁਹਣੀ ਤਰਾਂ ਬਣਾ ਸਵਾਰ ਕੇ ਰਖਣ ਵਿਚ ਖੁਸ਼ ਹੁੰਦੇ ਹਨ। ਆਤਮਕ ਤੌਰ ਤੇ ਆਪਣੀ ਸੁਰਤ ਨੂੰ ਉੱਚਾ ਕਰਕੇ ਪਾਪ ਤੋਂ ਬਚਕੇ ਰਹਿਣ ਅਤੇ ਆਪਣੀ ਲਿਵ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਜੋੜ ਕੇ ਰਖਣ ਦਾ ਯਤਨ ਕਰਦੇ ਹਨ; ਪਰ ਆਪਣੀ ਦਿਮਾਗੀ ਹਾਲਤ ਨੂੰ ਉੱਚਾ ਕਰਨਾ ਜ਼ਰੂਰੀ ਨਹੀਂ ਸਮਝਦੇ। ਸਿੱਖਾਂ ਨੂੰ ਖ਼ਾਸ ਕਰਕੇ ਦਿਲ ਵਿਚ ਇਸ ਗਲ ਦੇ ਵਿਰੁਧ ਕੁਝ ਗੁਝੀ ਜਿਹੀ ਘਿਰਣਾ ਹੈ। ਅਸੀਂ ਕਹਿੰਦੇ ਤਾਂ ਨਹੀਂ, ਪਰ ਵਰਤੋਂ ਵਿਚ ਸਿਆਣਪ ਤੇ ਆਮ ਸਮਝ ਤੋਂ ਕਤਰਾਂਦੇ ਜ਼ਰੂਰ ਹਾਂ। ਕਮੇਟੀਆਂ ਦੀਆਂ ਚੋਣਾਂ ਵਿਚ, ਪੜ੍ਹਿਆਂ ਲਿਖਿਆਂ ਤੋਂ ਆਮ ਤੌਰ ਤੇ ਕੁਝ ਸੰਕੋਚ ਕੀਤਾ ਜਾਂਦਾ ਹੈ। ਜਿਸ ਤਬਕੇ ਵਿਚ ਪੜ੍ਹਿਆਂ ਦੀ ਕੁਝ



ਕਦਰ ਹੈ ਅਤੇ ਧਾਰਮਕ ਗੱਲਾਂ ਉੱਤੇ ਜ਼ੋਰ ਦਿੱਤਾ ਜਾਂਦਾ ਹੈ, ਉਨ੍ਹਾਂ ਵਿਚ ਭੀ ਆਮ ਵਾਕਫ਼ੀ ਜਾਂ ਕਲਚਰ ਦਾ ਬਹੁਤ ਘਾਟਾ ਹੈ। ਕਿਸੇ ਉਘੇ ਸਿਖ ਦੇ ਘਰ ਚਲੇ ਜਾਓ। ਪੰਜ ਮਿੰਟ ਦੀ ਗਲ ਬਾਤ ਮਗਰੋਂ ਕੇਵਲ ਪੰਥ ਦੇ ਝਗੜਿਆਂ ਤੇ ਬਹਿਸ, ਜਾਂ ਇਕ-ਪਾਸੀ ਜਿਹੀ ਧਾਰ-ਮਕ ਵਿਚਾਰ ਛਿੜ ਪਏਗੀ। ਕੋਈ ਕੋਮਲ ਭਾਵਾਂ ਵਾਲੀ ਸਭਿਯਤਾ ਜਾਂ ਆਤਮਕ ਖੁਲ੍ਹ ਦੀ ਸਾਂਝੀਵਾਲਤਾ ਨਜ਼ਰ ਨਹੀਂ ਆਵੇਗੀ।

੩.

ਕੋਈ ਯੂ. ਪੀ., ਬੰਗਾਲ, ਬੰਬਈ ਜਾਂ ਮਦਰਾਸ ਦਾ ਚੋਟੀ ਦਾ ਸਮਾਜਕ ਲੀਡਰ ਸਾਨੂੰ ਆਕੇ ਮਿਲੇ, ਅਸੀਂ ਉਸਦੇ ਨਾਲ ਅਧੇ ਘੰਟੇ ਲਈ ਭੀ ਕਿਸੇ ਹੁਨਰੀ ਜਾਂ ਸਾਹਿੱਤਕ ਪਹਲੂ ਉਤੇ ਗੱਲ ਬਾਤ ਨਹੀਂ ਕਰ ਸਕਾਂਗੇ। ਹਾਂ, ਆਪਣੇ ਡੌਲਿਆਂ ਦੀ ਮੋਟਾਈ ਤੇ ਹਿੱਕ ਦੇ ਜ਼ੋਰ ਦੀਆਂ ਡੀਂਗਾਂ ਮਾਰਕੇ ਉਸ ਉੱਤੇ ਆਪਣੀ ਕੌਮ ਦੀ ਸਰੀਰਕ ਵਡਿਆਈ ਦਾ ਰੁਅਬ ਬਿਠਾਣ ਦੀ ਕੋਸ਼ਸ਼ ਜ਼ਰੂਰ ਕਰਾਂਗੇ। ਪੁਲੀਟੀਕਲ ਗੱਲ ਬਾਤ ਛਿੜ ਪਵੇ ਤਾਂ ਆਪਣੀ ਤੀਹ ਫ਼ੀ ਸਦੀ ਵਾਲੀ ਮੰਗ ਨੂੰ ਠੀਕ ਸਿਧ ਕਰਨ ਤੋਂ ਬਿਨਾਂ, ਸਾਰੇ ਹਿੰਦ ਦੇ ਇਕ ਵਸਨੀਕ ਦੇ ਤੌਰ ਤੇ ਕਿਸੇ ਸਾਂਝੀ ਗਲ ਵਿਚ ਹਿੱਸਾ ਨਹੀਂ ਲੈ ਸਕਾਂਗੇ। ਸਿਵਾਏ ਇਕ ਦੋ ਸਿਖਾਂ ਦੇ ਪੁਲੀਟੀਕਲ ਮਦਾਨ ਦੀਆਂ ਉਲਝਣਾਂ ਨੂੰ ਸਾਡੇ ਵਿਚੋਂ ਵਿਰਲਾ ਹੀ ਸਮਝਦਾ ਹੈ। ਜਿਹੜੇ ਲੋਕ ਆਮ ਤੌਰ ਤੇ ਪੁਲੀਟੀਕਲ ਕੰਮਾਂ ਵਿਚ ਹਿੱਸਾ ਲੈਂਦੇ ਹਨ, ਉਨ੍ਹਾਂ ਦੀ ਆਮ ਵਾਕਫ਼ੀ ਬਹੁਤ ਘਟ ਹੁੰਦੀ ਹੈ। ਬਹੁਤਿਆਂ ਨੇ ਤਾਂ ਯੂਰਪ ਜਾਂ ਇੰਗਲਿਸਤਾਨ ਦੀ ਹਿਸਟਰੀ ਕੀ ਪੜ੍ਹਨੀ ਸੀ, ਆਪਣੇ ਦੇਸ ਦੇ ਇਤਿਹਾਸ ਦੀ ਭੀ ਕੋਈ ਕਿਤਾਬ ਘਟ ਹੀ ਪੜ੍ਹੀ ਹੁੰਦੀ ਹੈ। ਜਿਸ ਵੇਲੇ ਸਾਰੇ ਹਿੰਦ ਵਲੋਂ ਕੋਈ ਮੁਲਕੀ ਵਿਚਾਰ ਹੋਣ ਲਗਦੀ ਹੈ, ਤਾਂ ਉਸ ਵਿਚ ਸਿਵਾਏ ਇਕ ਦੋ ਸਿੱਖਾਂ ਦੇ ਕੋਈ ਹੋਰ ਸਮਝ ਕੇ ਹਿੱਸਾ ਨਹੀਂ ਲੈ ਸਕਦਾ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.